ਦਾਖ਼ਲਾ ਪੁਸਤਿਕਾ 2018-19

# PROSPECTUS



**COURSE OFFERED :**

- B.A.
- B.Sc. (Med. & Non-Med.)
- B.Com.
- M.A. (Pbi)
- M.A. (Hindi)

**OTHER ACTIVITIES**

- N.C.C. Army Wing (Boys & Girls)
- N.S.S.
- Youth Service Club.
- Sports Activities.


**Mahant Ram Parkash Das**

## GOVERNMENT COLLEGE, TALWARA (Hoshiarpur)

[Formerly recognised as Govt. Arts & Sc. College Talwara (Hoshiarpur)]
(Affiliated to P.U. Chandigarh) (Accredited with B+ Grade by NAAC)
Phone & Fax 01883-236329

bsite : www.mrpdgctalwara.org Email : gctalwara@gmail.com



# ਸੰਦੇਸ਼

ਮੇਰੇ ਅਜ਼ੀਜ਼ ਵਿਦਿਆਰਥੀਓ

ਨਵੇਂ ਵਿੱਦਿਅਕ ਵਰ੍ਹੇ 2018-19 ਦੀ ਸ਼ੁਰੂਆਤ ਵਿੱਚ ਮੈਂ ਤੁਹਾਡੇ ਸਾਰਿਆਂ ਦਾ ਸਵਾਗਤ ਕਰਦਾ ਹਾਂ, ਜਿਹੜੇ ਇਸ ਕੰਢੀ ਇਲਾਕੇ ਦੇ ਨਾਮਵਰ ਕਾਲਜ ਵਿੱਚ ਦਾਖਲਾ ਲੈ ਰਹੇ ਹਨ ਅਤੇ ਇਸਦੇ ਨਾਲ ਹੀ ਮੈਂ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਸਨੇਹ ਭਰੀ ਮੁਬਾਰਕਵਾਦ ਦਿੰਦਾ ਹਾਂ ਜਿਨ੍ਹਾਂ ਨੇ ਪਿਛਲੀਆਂ ਕਲਾਸਾਂ ਦੇ ਇਮਤਿਹਾਨਾਂ ਵਿੱਚੋਂ ਚੰਗੇ ਨੰਬਰ ਪ੍ਰਾਪਤ ਕਰਕੇ ਇਸ ਕਾਲਜ ਦਾ ਹੀ ਨਹੀਂ ਸਗੋਂ ਇਲਾਕੇ ਦਾ ਵੀ ਨਾਮ ਰੌਸ਼ਨ ਕੀਤਾ ਹੈ ਅਤੇ ਜ਼ਿੰਦਗੀ ਵਿੱਚ ਇੱਕ ਹੋਰ ਕਦਮ ਅਗਾਂਹ ਵੱਲ ਪੁੱਟਿਆ ਹੈ। ਇਹ ਕਾਲਜ ਜ਼ਿਲ੍ਹੇ ਵਿੱਚ ਆਪਣਾ ਇੱਕ ਵੱਖਰਾ ਸਥਾਨ ਰੱਖਦਾ ਹੈ। ਇਸ ਕਾਲਜ ਦੇ ਜਰੀਏ ਵਿਦਿਆਰਥੀਆਂ ਨੂੰ ਹਰੇਕ ਖੇਤਰ ਨਾਲ ਸੰਬੰਧਿਤ ਗੁਣਾਤਮਿਕ ਸਿੱਖਿਆ ਦਿੰਦੇ ਹੋਏ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ।

ਅਕਾਦਮਿਕ ਵਰ੍ਹੇ ਦੇ ਇਸ ਅਵਸਰ ਉੱਤੇ ਜਿੱਥੇ ਅਸੀਂ ਨਵੀਆਂ ਉੱਚਾਈਆਂ ਨੂੰ ਪ੍ਰਾਪਤ ਕਰਨ ਲਈ ਆਸਾਂ ਤੇ ਸੁਪਨਿਆਂ ਨਾਲ ਭਰੇ ਪਏ ਹਾਂ ਉੱਥੇ ਇਸ ਮੌਕੇ 'ਤੇ ਮੈਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਇਹ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਉਹ ਸੁਪਨੇ ਜੋ ਉਹ ਬੱਚਿਆਂ ਤੇ ਲਗਾਈ ਬੈਠੇ ਹਨ, ਉਨ੍ਹਾਂ ਨੂੰ ਉਹ ਬੱਚਿਆਂ ਉੱਤੇ ਜਬਰੀ ਨਹੀਂ ਥੋਪਣੇ ਚਾਹੀਦੇ ਸਗੋਂ ਬੜੇ ਹੀ ਸੁਖਾਵੇਂ ਤੌਰ- ਤਰੀਕਿਆਂ ਨਾਲ ਬੱਚਿਆਂ ਨੂੰ ਦਿਸ਼ਾ ਨਿਰਦੇਸ਼ ਦਿੰਦੇ ਹੋਏ ਆਪਣੇ ਮਿੱਥੇ ਟੀਚੇ ਨੂੰ ਪੂਰਾ ਕਰਨਾ ਚਾਹੀਦਾ ਹੈ। ਸਿਖਿਆ ਦਾ ਉਦੇਸ਼ ਸੋਚ-ਵਿਚਾਰ ਕਰਨਾ ਤੇ ਤੱਥਾਂ 'ਤੇ ਅਧਾਰਿਤ ਸੋਚ ਨੂੰ ਵਿਕਾਸ ਵੱਲ ਲਿਜਾਣਾ ਹੁੰਦਾ ਹੈ। ਵਿਦਿਆਰਥੀਆਂ ਨੂੰ ਦ੍ਰਿੜ੍ਹ ਮਿਹਨਤ, ਸਮੇਂ ਦੀ ਕਦਰ ਤੇ ਅਨੁਸ਼ਾਸਨ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਹਮੇਸ਼ਾਂ ਸੁਚੇਤ ਰਹਿੰਦੇ ਹੋਏ ਜਿੱਥੇ ਨਵੇਂ ਜ਼ਮਾਨੇ ਨਾਲ ਕਦਮ-ਦਰ-ਕਦਮ ਚਲਣਾ ਚਾਹੀਦਾ ਹੈ ਉੱਥੇ ਮੌਜੂਦਾ ਸਮੇਂ ਦੀ ਚਾਰ ਦਿਨ ਵਾਲੀ ਚਕਾਚੌਂਦ ਤੋਂ ਬਚਣਾ ਵੀ ਪੈਣਾ ਹੈ । ਵਿਗਿਆਨਕ ਸੋਚ ਤੇ ਨੇਕ ਦ੍ਰਿਸ਼ਟੀ ਹੀ ਜ਼ਿੰਦਗੀ ਦੇ ਅਗਲੇ ਮੁਕਾਮ ਤੱਕ ਲੈ ਜਾਣ ਵਿੱਚ ਸਹਾਈ ਹੁੰਦੀ ਹੈ।

ਆਪਣੀ ਵਿਰਾਸਤ ਤੇ ਵਾਤਾਵਰਨ ਦੀ ਸਾਂਭ-ਸੰਭਾਲ ਕੇਵਲ ਆਪਣੇ ਲਈ ਹੀ ਨਹੀਂ ਸਗੋਂ ਆਉਣ ਵਾਲੀ ਪੀੜ੍ਹੀ ਲਈ ਵੀ ਕਰਨਾ, ਵਿਦਿਆਰਥੀ ਦਾ ਫ਼ਰਜ ਬਣਦਾ ਹੈ ਕਿਉਂਕਿ ਆਪਣੀਆਂ ਕਦਰਾਂ-ਕੀਮਤਾਂ, ਵਿਰਸਾ ਤੇ ਅਤੀਤ ਨੂੰ ਭੁਲਾ ਕੇ ਕੋਈ ਵੀ ਕੌਮ ਸਦੀਵੀ ਟਿਕ ਨਹੀਂ ਸਕਦੀ। ਸੋ ਇੱਕ ਨਾਇਕ ਬਣਕੇ ਇਨ੍ਹਾਂ ਨੂੰ ਸਾਂਭਣਾ ਤੇ ਅਮੀਰ ਬਣਾਉਣਾ ਵਿਦਿਆਰਥੀ ਦੀ ਹੀ ਜ਼ਿਮੇ...

ਮੈਂ ਵਿਦਿਆਰਥੀਆਂ ਨੂੰ ਇਸ ਗੱਲ ਲਈ ਵੀ ਉਤ... ...ਾ ਹਾਂ ਕਿ ਉਹ ਅਨੁਭਵੀ ਤੇ ਸਿਦਕੀ ਸਟਾਫ਼, ਉੱਚ-ਪੱਧਰ ਦਾ ਬੁਨਿਆਦੀ ਢਾਂਚਾ ਅਤੇ ਕਾਲਜ ਦੁਆਰਾ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਬਾਖ਼ੂਬੀ ... ...ੇ ਆਪਣੇ ਆਪ ਨੂੰ ਪੜ੍ਹਾਈ ਹੀ ਨਹੀਂ ਸਗੋਂ ਕਾਲਜ ਵੱਲੋਂ ਉਪਲਬਧ ਕਰਵਾਈਆਂ ਜਾ ਰਹੀਆਂ ਐੱਨ.ਸੀ.ਸੀ, ਐੱਨ.ਐੱਸ.ਐੱਸ, ਰੈੱਡ ਕਰਾਸ, ਖੇਡਾਂ, ...ੀ ਵਿਭਾਗ, ਯੂਥ ਫੈਸਟੀਵਲ ਤੇ ਵਿਰਾਸਤੀ ਗੁਣਾਤਮਿਕ ਮੁਕਾਬਲਿਆਂ ਵਰਗੀਆਂ ਸੇਵਾਵਾਂ ਵਿੱਚ ਵੀ ਹਿੱਸਾ ਲੈਣ, ਕਿਉਂਕਿ ਮਨ, ਬੁੱਧੀ ਤੇ ਸਰੀਰ ਦਾ ... ...ਸ਼ਾਵਾਂ ਦੇ ਪੱਖੋਂ ਹੋ ਰਿਹਾ ਵਿਕਾਸ ; ਇੱਕ ਚੰਗੀ ਸਿਹਤ ਤੇ ਸਰਵਪੱਖੀ ਪੂਰਨ ਵਿਕਾਸ ਦਾ ਸੂਚਕ ਹੁੰਦਾ ਹੈ।

ਵਿਦਿਆਰਥੀਓ, ਭਵਿੱਖ ਤੁਹਾਡੇ ਉੱਤੇ ਟਿਕਿਆ ਹੋਇਆ ਹੈ, ਸੋ ਵਿਸ਼ਵ ਦੇ ਹਾਣੀ ਬਣਨ ਲਈ ਆਪਣੇ-ਆਪ ਨੂੰ ਹੁਣ ਤੋਂ ਹੀ ਤਿਆਰ ਕਰੋ। ਇਸਦੇ ਲਈ ਆਪਣੀ ਜਿੰਦਗੀ ਵਿੱਚ 'I will and I can' ਵਾਲਾ ਮੋਟੋ ਸਦਾ ਧਾਰਨ ਕਰਕੇ ਰੱਖੋ। ਮੇਰੀ ਦਿਲੋਂ ਖ਼ੁਹਾਇਸ਼ ਹੈ ਕਿ ਇੱਕ ਉੱਚ ਪੱਧਰ ਦਾ ਮਾਰਗ-ਦਰਸ਼ਕ ਬਣਦੇ ਹੋਏ ਇੱਕ ਜਿੰਮੇਵਾਰ ਨਾਗਰਿਕ ਬਣੋ।

ਤੁਹਾਡੇ ਉਜੱਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ।

ਰਾਮ ਤੀਰਥ ਸਿੰਘ
ਪ੍ਰਿੰਸੀਪਲ
ਐੱਮ.ਆਰ.ਪੀ.ਡੀ. ਸਰਕਾਰੀ ਕਾਲਜ
ਤਲਵਾੜਾ (ਹੁਸ਼ਿਆਰਪੁਰ)

ਫੋਨ ਨੰ: 01883-237410



ਫੈਕਸ : 01883-236329

# ਐਮ . ਆਰ . ਪੀ . ਡੀ . ਸਰਕਾਰੀ ਕਾਲਜ ਤਲਵਾੜਾ (ਹੁਸ਼ਿਆਰਪੁਰ)

## ਇੱਕ ਨਜ਼ਰ

ਇੱਕੀਵੀਂ ਸਦੀ ਦੇ ਦੂਸਰੇ ਦਹਾਕੇ ਦੇ ਅੰਤ ਉੱਤੇ ਪਹੁੰਚਿਆ ਐੱਮ.ਆਰ.ਪੀ.ਡੀ ਸਰਕਾਰੀ ਕਾਲਜ ਤਲਵਾੜਾ ਪੌਂਗ ਡੈਮ ਦੀ ਗੋਦ ਅਤੇ ਨੀਮ ਪਹਾੜੀਆਂ ਦੇ ਪੈਰਾਂ ਵਿੱਚ ਵਸਿਆ ਇੱਕ ਅਜਿਹਾ ਕਾਲਜ ਹੈ ਜੋ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਢੀ ਇਲਾਕੇ ਦੀ ਆਬੋ-ਹਵਾ, ਸ਼ਾਂਤ ਤੇ ਸੁਹਾਵਣਾ ਵਾਤਾਵਰਣ ਅਤੇ ਹਰਿਆਲੀ ਭਰੀ ਖ਼ੂਬਸੂਰਤੀ ਦੇ ਕਾਰਨ ਆਪਣੀ ਵੱਖਰੀ ਸ਼ਾਨ ਤੇ ਪਹਿਚਾਣ ਬਣਾਈ ਬੈਠਾ ਹੈ।

ਸੰਨ 1986 ਵਿੱਚ ਆਪਣੀ ਹੋਂਦ ਕਾਇਮ ਕਰਨ ਵਾਲਾ ਇਹ ਕਾਲਜ ਭਾਵੇਂ ਆਪਣੇ ਮੁਢਲੇ ਸਮੇਂ ਦੌਰਾਨ ਬਿਲਡਿੰਗ ਵਰਗੀਆਂ ਸਹੂਲਤਾਂ ਦੀ ਘਾਟ, ਨਵੀਂ ਤਕਨੀਕ ਦੀ ਥੁੜ, ਰਾਜਨੀਤਿਕ ਨਜ਼ਰ ਅੰਦਾਜ਼ੀ ਤੇ ਪੱਛੜਾ ਇਲਾਕਾ ਹੋਣ ਦੇ ਕਾਰਨ ਸਟਾਫ਼ ਤੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਨਹੀਂ ਬਣਾ ਸਕਿਆ ਸੀ, ਪਰੰਤੂ ਇਸਦੇ ਬਾਵਜੂਦ ਪ੍ਰੋਫੈਸਰ ਸਾਹਿਬਾਨਾਂ ਦੀ ਡੂੰਘੀ ਅਤੇ ਅਗਾਂਹਵਧੂ ਸੋਚ ਅਤੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਸਦਕਾ ਇਸ ਕਾਲਜ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੀਆਂ ਖੇਡਾਂ ਤੇ ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਮਾਣ ਮੱਤੇ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਅਧਿਆਪਕਾਂ ਦੇ ਸਿਦਕ ਤੇ ਵਿਦਿਆਰਥੀਆਂ ਦੇ ਬੁਲੰਦ ਹੌਸਲੇ ਸਦਕਾ ਹੀ ਨਵੰਬਰ 2004 ਦੌਰਾਨ ਕਾਲਜ ਵਿੱਚ ਆਈ ਨੈਕ (NAAC) ਟੀਮ ਨੇ ਕਾਲਜ ਵਿੱਚ ਮੁਢਲੀਆਂ ਸਹੂਲਤਾਂ ਦੀ ਘਾਟ ਹੋਣ ਦੇ ਬਾਵਜੂਦ ਇੱਥੋਂ ਦੇ ਪ੍ਰੋਫੈਸਰ ਸਾਹਿਬਾਨਾਂ ਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ B+ ਗ੍ਰੇਡ ਨਾਲ ਨਿਵਾਜਿਆ ਸੀ।

ਸਰਕਾਰੀ ਆਰਟਸ ਅਤੇ ਸਾਇੰਸ ਕਾਲਜ ਤਲਵਾੜਾ ਵਰਗੇ ਮੁਢਲੇ ਨਾਮ ਨਾਲ ਜਾਣਿਆ ਜਾਂਦਾ ਐੱਮ.ਆਰ.ਪੀ.ਡੀ ਸਰਕਾਰੀ ਕਾਲਜ ਤਲਵਾੜਾ ਅਜੋਕੇ ਸਮੇਂ ਵਿੱਚ ਪੰਜਾਬ ਦੇ ਕਈ ਉੱਚ-ਪੱਧਰ ਦੇ ਕਾਲਜਾਂ ਦਾ ਹਾਣੀ ਬਣ ਚੁੱਕਾ ਹੈ। ਅੱਜ ਇਹ ਕਾਲਜ ਵਿਗਿਆਨਕ ਅਗਾਂਹਵਧੂ ਅਤੇ ਉਸਾਰੂ ਸੋਚ ਦੇ ਧਾਰਨੀ ਸਟਾਫ਼, ਨਵੀਂ ਤੇ ਖੁੱਲ੍ਹੀ ਹਵਾਦਾਰ ਬਿਲਡਿੰਗ, ਵੱਡੀ ਲਾਇਬਰੇਰੀ, ਨਵੀਆਂ ਸਾਇੰਸ ਲੈਬੋਰਟਰੀਆਂ, ਵਾਈ-ਫ਼ਾਈ ਇਮਾਰਤ, ਸਮਾਰਟ ਤੇ ਵਰਚੁਅਲ ਰੂਮ, ਕੰਪਿਊਟਰ ਰੂਮ ਅਤੇ ਐਜੂ-ਸੈੱਟ ਵਰਗੀਆਂ ਸਹੂਲਤਾਂ ਨਾਲ ਲਬਰੇਜ਼ ਹੈ।

ਇਸ ਕਾਲਜ ਵਿੱਚ ਵੱਡੀ ਪੱਧਰ 'ਤੇ ਲੜਕੀਆਂ ਦਾ ਦਾਖਲਾ ਲੈਣਾ; ਇਲਾਕੇ ਦੇ ਲੋਕਾਂ ਦਾ ਲੜਕੀਆਂ ਪ੍ਰਤੀ ਨਵੇਂ ਨਜ਼ਰੀਏ ਨੂੰ ਹੀ ਉਜਾਗਰ ਨਹੀਂ ਕਰਦਾ ਸਗੋਂ ਕਾਲਜ ਲਈ ਵੀ ਬੜੇ ਮਾਣ ਵਾਲੀ ਗੱਲ ਹੈ। ਬੀ.ਏ, ਬੀ.ਕਾਮ, ਬੀ.ਐੱਸ.ਸੀ. (ਮੈਡੀਕਲ ਤੇ ਨਾਨ ਮੈਡੀਕਲ), ਐੱਮ.ਏ. ਪੰਜਾਬੀ ਅਤੇ ਹਿੰਦੀ ਵਰਗੇ ਕੋਰਸਾਂ ਦਾ ਧਾਰਨੀ ਇਹ ਕਾਲਜ ਆਪਣੇ ਅੰਦਰ ਕਈ ਭਵਿੱਖਤ ਸੰਭਾਵਨਾਵਾਂ ਸਮੋਈ ਬੈਠਾ ਹੈ।

# ਜ਼ਰੂਰੀ ਸੂਚਨਾ

1. ਦਾਖਲਾ ਫਾਰਮ 03 ਜੁਲਾਈ, 2018 ਸ਼ਾਮ 4 ਵਜੇ ਤਕ ਕਾਲਜ ਵਿੱਚ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਸ ਤੋਂ ਬਾਅਦ ਕੋਈ ਫਾਰਮ ਨਹੀਂ ਲਿਆ ਜਾਵੇਗਾ।
2. ਫਾਰਮ ਜਮ੍ਹਾਂ ਕਰਵਾਉਣ ਉਪਰੰਤ ਕਾਲਜ ਦੇ ਪ੍ਰਾਪਤ ਕਰਤਾ ਤੋਂ ਰਸੀਦ ਪ੍ਰਾਪਤ ਕਰ ਲਈ ਜਾਵੇ। ਬਿਨਾਂ ਰਸੀਦ ਫਾਰਮ ਗੁੰਮ ਹੋਣ ਦੀ ਸੂਰਤ ਵਿਚ ਕਾਲਜ ਜਿੰਮੇਵਾਰ ਨਹੀਂ ਹੋਵੇਗਾ।

# ਨੋਟ

1. ਦਾਖ਼ਲੇ ਸੰਬੰਧੀ ਕੋਈ ਵੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਉਪਰ ਹੀ ਲਗਾਈ ਜਾਵੇਗੀ। ਇਸ ਬਾਰੇ ਡਾਕ ਰਾਹੀਂ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ। ਉਮੀਦਵਾਰ ਦੇ ਹਿੱਤ ਵਿੱਚ ਹੋਵੇਗਾ ਕਿ ਉਹ ਦਾਖ਼ਲਾ ਫਾਰਮ ਜਮ੍ਹਾਂ ਕਰਵਾਉਣ ਤੋਂ ਬਾਅਦ ਸਮੇਂ-ਸਮੇਂ ਤੇ ਨੋਟਿਸ ਬੋਰਡ ਧਿਆਨ ਨਾਲ ਵੇਖਣ।
2. ਦਾਖ਼ਲੇ ਸਬੰਧੀ ਪ੍ਰਿੰਸੀਪਲ ਸਾਹਿਬ ਦਾ ਫੈਸਲਾ ਅੰਤਿਮ ਹੋਵੇਗਾ।
3. ਜੇਕਰ ਸੀਟ ਉਪਲਬਧ ਹੋਈ, ਤਾਂ ਹੀ ਲੇਟ ਫੀਸ ਨਾਲ ਦਾਖਲੇ ਦਾ ਕੇਸ ਵਿਚਾਰਿਆ ਜਾਵੇਗਾ, ਵਰਨਾ ਨਹੀਂ।
4. B.A.-I, B.Com-I, B.Sc.-I, M.A-I (ਹਿੰਦੀ ਅਤੇ ਪੰਜਾਬੀ) ਦੇ ਦਾਖਲਾ ਫਾਰਮ ਉਹੀ ਪ੍ਰਵਾਨ ਕੀਤੇ ਜਾਣਗੇ, ਜੋ ਹਰ ਪੱਖੋਂ ਮੁਕੰਮਲ ਹੋਣਗੇ। ਅਧੂਰੇ ਭਰੇ ਫਾਰਮ ਦਾਖਲੇ ਲਈ ਵਿਚਾਰੇ ਨਹੀਂ ਜਾਣਗੇ।

## ਦਾਖਲਾ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ -

1. ਪਿਛਲੀ ਜਮਾਤ ਪਾਸ ਕਰਨ ਦੇ ਪ੍ਰਮਾਣ ਪੱਤਰ ਦੀ ਸ੍ਵੈ-ਤਸਦੀਕੀ ਕਾਪੀ।
2. ਪਿਛਲੇ ਅਦਾਰੇ ਤੋਂ ਪ੍ਰਾਪਤ ਆਚਰਣ ਸਰਟੀਫਿਕੇਟ ਦੀ ਤਸਦੀਕੀ ਕਾਪੀ।
3. ਜਨਮ ਮਿਤੀ ਦੇ ਸਬੂਤ ਵਜੋਂ ਮੈਟ੍ਰਿਕ ਦੇ ਸਰਟੀਫਿਕੇਟ ਦੀ ਸ੍ਵੈ-ਤਸਦੀਕੀ ਕਾਪੀ।
4. ਵੋਟਰ ਕਾਰਡ ਦੀ ਕਾਪੀ
5. ਵਿਦਿਆਰਥੀ ਜਿਸ ਕੈਟਾਗਰੀ ਵਿਚ ਦਾਖਲਾ ਲੈਣਾ ਚਾਹੁੰਦਾ ਹੈ ਉਸ ਦੇ ਸਬੂਤ ਵਜੋਂ ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤੇ ਸਰਟੀਫਿਕੇਟ ਦੀ ਕਾਪੀ ਨਾਲ ਲਗਾਏ, ਨਹੀਂ ਤਾਂ ਉਸਦਾ ਕੇਸ ਸਬੰਧਿਤ ਕੈਟਾਗਰੀ ਵਿਚ ਨਹੀਂ ਵਿਚਾਰਿਆ ਜਾਵੇਗਾ।
6. **ਅਨੁਸੂਚਿਤ ਜਾਤੀ/ਪਛੜੀ ਜਾਤੀ ਦੇ ਉਹ ਯੋਗ ਵਿਦਿਆਰਥੀ ਜਿੰਨ੍ਹਾ ਨੇ ਫੀਸ ਮੁਆਫ ਕਰਾਉਣੀ ਹੈ ਅਤੇ ਵਜੀਫੇ ਲਈ ਅਪਲਾਈ ਕਰਨਾ ਹੈ, ਉਹਨਾ ਦੁਆਰਾ ਉਪਰੋਕਤ ਤੋਂ ਇਲਾਵਾ ਹੇਠ ਲਿਖੇ ਦਸਤਾਵੇਜ ਵੀ ਜਰੂਰੀ ਲਗਾਏ ਜਾਣ।**

   (1) ਆਧਾਰ ਕਾਰਡ ਦੀ ਕਾਪੀ (2) ਬੈਂਕ ਪਾਸ ਬੁੱਕ ਦੀ ਕਾਪੀ (3) ਆਮਦਨ ਸਬੰਧੀ ਪ੍ਰਮਾਣ ਪੱਤਰ।

# ਸਟਾਫ

## ਪ੍ਰਿੰਸੀਪਲ : ਪ੍ਰੋ. ਰਾਮ ਤੀਰਥ ਸਿੰਘ (ਪੀ.ਈ.ਐਸ. 1)

**ਪੰਜਾਬੀ ਵਿਭਾਗ (ਪੋਸਟ ਗਰੈਜੂਏਟ)**

1. **ਡਾ: ਸੁਰਜੀਤ ਸਿੰਘ** ਐਮੱ.ਏ., ਐਮੱ.ਫਿਲ. ਪੀ-ਐਚੱ.ਡੀ. (ਅਸਿਸਟੈਂਟ ਪ੍ਰੋਫੈਸਰ)
2. **ਪ੍ਰੋ. ਰੁਪਾਲੀ ਵਰਮਾ** (ਗੈਸਟ ਫੈਕਲਟੀ)
3. **ਪ੍ਰੋ. ਅਜੈ ਕੁਮਾਰ** (ਗੈਸਟ ਫੈਕਲਟੀ)
4. **ਪ੍ਰੋ. ਦਲਵਿੰਦਰ ਪਾਲ ਸਿੰਘ** (ਗੈਸਟ ਫੈਕਲਟੀ) 5. **ਪ੍ਰੋ. ਸੁਸ਼ਮਾ ਕੁਮਾਰੀ** (ਗੈਸਟ ਫੈਕਲਟੀ)

**ਹਿੰਦੀ ਵਿਭਾਗ (ਪੋਸਟ ਗਰੈਜੂਏਟ)**

1. **ਪ੍ਰੋ. ਸੁਮਨ ਬਾਲਾ** (ਗੈਸਟ ਫੈਕਲਟੀ)
2. **ਪ੍ਰੋ. ਕ੍ਰਿਸ਼ਨਾ ਦੇਵੀ** (ਗੈਸਟ ਫੈਕਲਟੀ
3. **ਡਾ. ਨੀਨਾ ਭਾਰਦਵਾਜ** ਗੈਸਟ ਫੈਕਲਟੀ

**ਅੰਗਰੇਜ਼ੀ ਵਿਭਾਗ :-**

1 **ਪ੍ਰੋ. ਅਕਬਾਲ ਸਿੰਘ** (ਗੈਸਟ ਫੈਕਲਟੀ) 2 **ਪ੍ਰੋ. ਜਤਿੰਦਰ ਕੁਮਾਰ** (ਗੈਸਟ ਫੈਕਲਟੀ) 3. **ਪ੍ਰੋ. ਜੀਵਨ ਜੋਤੀ** (ਗੈਸਟ ਫੈਕਲਟੀ)

**ਸੰਸਕ੍ਰਿਤ ਵਿਭਾਗ**

1. **ਡਾ. ਕੇ. ਡੀ. ਸ਼ਰਮਾ** (ਅਸਿਸਟੈਂਟ ਪ੍ਰੋਫ਼ੈਸਰ)

**ਰਾਜਨੀਤੀ ਸ਼ਾਸਤਰ ਵਿਭਾਗ**

1. **ਪ੍ਰੋ. ਰਣਜੀਤ ਸਿੰਘ** (ਗੈਸਟ ਫੈਕਲਟੀ)
2. **ਪ੍ਰੋ. ਗੁਰਮੀਤ ਕੌਰ** (ਗੈਸਟ ਫੈਕਲਟੀ)

**ਇਤਿਹਾਸ ਵਿਭਾਗ**

1 **ਪ੍ਰੋ. ਰੀਨਾ ਰਾਣੀ** (ਗੈਸਟ ਫੈਕਲਟੀ) 2. ਖ਼ਾਲੀ

**ਅਰਥ ਸ਼ਾਸਤਰ ਵਿਭਾਗ**

1. **ਪ੍ਰੋ. ਜਸਮੀਤ ਕੌਰ** (ਗੈਸਟ ਫੈਕਲਟੀ)

**ਗਣਿਤ ਵਿਭਾਗ**

1. **ਪ੍ਰੋ. ਬਲਬੀਰ ਸਿੰਘ** ਐਮੱ.ਐਸੱ.ਸੀ., ਐਮੱ.ਫਿਲ. (ਐਸੋਸੀਏਟ ਪ੍ਰੋਫੈਸਰ)
2. **ਪ੍ਰੋ. ਗੁਰਜਿੰਦਰ ਸਿੰਘ** (ਅਸਿਸਟੈਂਟ ਪ੍ਰੋਫ਼ੈਸਰ)

**ਸਰੀਰਕ ਸਿੱਖਿਆ ਵਿਭਾਗ :-**

1. **ਪ੍ਰੋ. ਰਜਨੀਸ਼ ਸ਼ਰਮਾ** (ਗੈਸਟ ਫੈਕਲਟੀ)

**ਕਾਮਰਸ ਵਿਭਾਗ**

1. **ਡਾ. ਕਸ਼ਮੀਰੀ ਲਾਲ** ਐਮ.ਕਾਮ., ਪੀ-ਐਚੱ.ਡੀ. (ਪ੍ਰੋਫੈਸਰ)
2. **ਪ੍ਰੋ. ਨੀਤਿਕਾ ਦੇਵੀ** (ਗੈਸਟ ਫੈਕਲਟੀ) 3.ਖ਼ਾਲੀ

**ਰਸਾਇਣ ਵਿਗਿਆਨ ਵਿਭਾਗ**

1. **ਡਾ. ਯਸ਼ ਸ਼ਾਰਦਾ** ਐਮੱ.ਐਸੱ.ਸੀ., ਐਮੱ.ਫਿਲ., ਪੀ-ਐਚੱ.ਡੀ. (ਐਸੋਸੀਏਟ ਪ੍ਰੋਫੈਸਰ)
2. **ਪ੍ਰੋ. ਮੋਨੀਸ਼ਾ ਸ਼ਰਮਾ** (ਅਸਿਸਟੈਂਟ ਪ੍ਰੋਫ਼ੈਸਰ) 3 **ਪ੍ਰੋ. ਮੁਨੀਸ਼ ਕਸ਼ਯਪ** (ਗੈਸਟ ਫੈਕਲਟੀ) 4 **ਪ੍ਰੋ. ਸੀਮਾ ਸ਼ਰਮਾ**(ਗੈਸਟ ਫੈਕਲਟੀ)

**ਭੌਤਿਕ ਵਿਗਿਆਨ ਵਿਭਾਗ**

1. ਪ੍ਰੋ. ਜਸਵੰਤ ਸਿੰਘ (ਅਸਿਸਟੈਂਟ ਪ੍ਰੋਫ਼ੈਸਰ)
2. ਪ੍ਰੋ. ਪ੍ਰੀਤੀ ਮਹਿਤਾ (ਗੈਸਟ ਫੈਕਲਟੀ)
3. ਪ੍ਰੋ. ਪ੍ਰਿਅੰਕਾ ਮੰਡਲ (ਗੈਸਟ ਫੈਕਲਟੀ) 4. ਖ਼ਾਲੀ

**ਬਨਸਪਤੀ ਵਿਗਿਆਨ ਵਿਭਾਗ**

1 ਪ੍ਰੋ. ਦਰਪਣ ਚੌਧਰੀ (ਅਸਿਸਟੈਂਟ ਪ੍ਰੋਫ਼ੈਸਰ)
2 ਪ੍ਰੋ. ਸੁਮਨ ਸ਼ਰਮਾ (ਗੈਸਟ ਫੈਕਲਟੀ)

**ਜੀਵ/ਪ੍ਰਾਣੀ ਵਿਗਿਆਨ ਵਿਭਾਗ**

1. ਪ੍ਰੋ. ਸੀਮਾ ਜੱਸਲ (ਅਸਿਸਟੈਂਟ ਪ੍ਰੋਫ਼ੈਸਰ)
2. ਪ੍ਰੋ. ਪ੍ਰੀਤੀ ਚੌਧਰੀ (ਅਸਿਸਟੈਂਟ ਪ੍ਰੋਫ਼ੈਸਰ)

**ਕੰਪਿਊਟਰ ਸਾਇੰਸ ਵਿਭਾਗ**

1. ਪ੍ਰੋ. ਇੰਦਰਜੀਤ ਕੌਰ (ਗੈਸਟ ਫੈਕਲਟੀ)

**ਲਾਇਬਰੇਰੀ ਵਿਭਾਗ**

1. ਲਾਇਬਰੇਰੀਅਨ (ਖਾਲੀ)

# ਕਾਲਜ ਪ੍ਰਸ਼ਾਸਨ ਨਾਲ ਜੁੜੇ ਮਹੱਤਵਪੂਰਨ ਅਹੁਦੇ

| | | | |
|---|---|---|---|
| 1. | ਕਾਲਜ ਬਰਸਰ | – | ਡਾ. ਕਸ਼ਮੀਰੀ ਲਾਲ |
| 2. | ਰਜਿਸਟਰਾਰ, ਘਰੇਲੂ ਪ੍ਰੀਖਿਆਵਾਂ | – | ਡਾ: ਯਸ਼ ਸ਼ਾਰਦਾ |
| 3. | 'ਟਾਈਮ ਟੇਬਲ' ਇੰਚਾਰਜ | – | ਪ੍ਰੋ. ਬਲਬੀਰ ਸਿੰਘ |
| 4. | ਇੰਚਾਰਜ ਲਾਇਬਰੇਰੀ | – | ਪ੍ਰੋ. ਬਲਬੀਰ ਸਿੰਘ |
| 5. | ਐਨ.ਸੀ.ਸੀ.ਅਫਸਰ | – | ਪ੍ਰੋ. ਗੁਰਜਿੰਦਰ ਸਿੰਘ |
| 6. | ਇੰਚਾਰਜ ਸਕਾਲਰਸ਼ਿਪ (ਵਜ਼ੀਫਾ) | – | ਪ੍ਰੋ. ਜਸਵੰਤ ਸਿੰਘ |
| 7. | ਇੰਚਾਰਜ ਕਾਲਜ ਪ੍ਰਾਪਰਟੀ | – | ਡਾ. ਕਸ਼ਮੀਰੀ ਲਾਲ |
| 8. | ਇੰਚਾਰਜ ਵੋਮੈਨ ਸੈਲ | – | ਡਾ. ਯਸ਼ ਸ਼ਾਰਦਾ |
| 9. | ਇੰਚਾਰਜ ਐਜੂਸੈੱਟ | – | ਪ੍ਰੋ. ਜਸਵੰਤ ਸਿੰਘ |
| 10. | ਨੋਡਲ ਅਫਸਰ ਚੋਣਾਂ/ਸਵੀਪ ਗਤੀਵਿਧੀਆਂ | – | ਡਾ. ਸੁਰਜੀਤ ਸਿੰਘ |
| 11. | ਇੰਚਾਰਜ ਯੁਵਕ ਭਲਾਈ ਵਿਭਾਗ | – | ਡਾ. ਸੁਰਜੀਤ ਸਿੰਘ |
| 12. | ਇੰਚਾਰਜ ਲੀਗਲ ਲਿਟਰੇਸੀ ਕਲੱਬ | – | ਪ੍ਰੋ. ਬਲਬੀਰ ਸਿੰਘ |
| 13. | ਕਨਵੀਨਰ (RUSA) | – | ਪ੍ਰੋ. ਬਲਬੀਰ ਸਿੰਘ |
| 14. | ਨੋਡਲ ਅਫਸਰ ਸਰਵਿਸਜ਼ ਐਕਟ | – | ਪ੍ਰੋ. ਬਲਬੀਰ ਸਿੰਘ |

## ਪ੍ਰਬੰਧਕੀ ਅਮਲਾ

| | | |
|---|---|---|
| 1. | ਸੁਪਰਡੈਂਟ | ਖਾਲੀ |
| 2. | ਜੂਨੀਅਰ ਸਹਾਇਕ | ਸ੍ਰੀ ਸ਼ਬਨਮ ਕੁਮਾਰ |
| 3. | ਜੂਨੀਅਰ ਸਹਾਇਕ | ਸ੍ਰੀ ਕਿਸ਼ੋਰੀ ਲਾਲ |
| 4. | ਕਲਰਕ | ਖਾਲੀ |
| 5. | ਸਟੈਨੋ ਟਾਈਪਿਸਟ | ਖਾਲੀ |

## ਪ੍ਰਯੋਗਸ਼ਾਲਾ ਸਟਾਫ਼

### ਰਸਾਇਣ ਵਿਗਿਆਨ (ਕੈਮਿਸਟਰੀ)

| | | |
|---|---|---|
| 1. | ਐਸ. ਐਲ. ਏ | ਖਾਲੀ |
| 2. | ਜੇ. ਐਲ. ਏ. | ਖਾਲੀ |
| 3. | ਸੀਨੀ. ਲੈਬ. ਅਟੈਂਡੈਂਟ | ਸ੍ਰੀ ਰਾਜ ਕੁਮਾਰ |
| 4. | ਸੀਨੀ. ਲੈਬ. ਅਟੈਂਡੈਂਟ | ਸ੍ਰੀ ਖੁਸ਼ਹਾਲ ਸਿੰਘ |
| 5. | ਗੈਸ ਮੈਨ | ਸ੍ਰੀ ਅਸ਼ੋਕ ਕੁਮਾਰ |
| 6. | ਗੈਸ ਮੈਨ | ਸ੍ਰੀ ਹਰਬੰਸ ਲਾਲ |

### ਭੌਤਿਕ ਵਿਗਿਆਨ (ਫਿਜਿਕਸ)

| | | |
|---|---|---|
| 1. | ਐਸ.ਐਲ.ਏ | ਸ੍ਰੀ ਜਸਵੀਰ ਸਿੰਘ |
| 2. | ਜੇ.ਐਲ.ਏ. | ਖਾਲੀ |
| 3. | ਸੀਨੀਅਰ ਲੈਬ. ਅਟੈਂਡੈਂਟ | ਸ੍ਰੀ ਅਸ਼ੋਕ ਕੁਮਾਰ |
| 4. | ਸੀਨੀਅਰ ਲੈਬ. ਅਟੈਂਡੈਂਟ | ਸ੍ਰੀ ਵਿਜੇ ਕੁਮਾਰ |

### ਬਨਸਪਤੀ ਵਿਗਿਆਨ (ਬੌਟਨੀ)

| | | |
|---|---|---|
| 1. | ਐਸ. ਐਲ. ਏ. | ਖਾਲੀ |
| 2. | ਸੀਨੀ. ਲੈਬ. ਅਟੈਂਡੈਂਟ | ਸ੍ਰੀ ਸੁਨੀਲ ਕੁਮਾਰ |
| 3. | ਮਾਲੀ-ਕਮ-ਪਲਾਂਟ ਕੁਲੈਕਟਰ | ਖਾਲੀ |

### ਪ੍ਰਾਣੀ ਵਿਗਿਆਨ (ਜ਼ੁਔਲੋਜੀ)

| | | |
|---|---|---|
| 1. | ਐਸ. ਐਲ. ਏ | ਖਾਲੀ |
| 2. | ਜੇ.ਐਲ.ਏ. | ਖਾਲੀ |
| 3. | ਸੀਨੀਅਰ ਲੈਬ. ਅਟੈਂਡੈਂਟ | ਸ੍ਰੀ ਨਰਿੰਦਰ ਕੁਮਾਰ |
| 4. | ਐਨੀਮਲ ਕੁਲੈਕਟਰ | ਸ੍ਰੀ ਹਰਦਿਆਲ |

### ਲਾਇਬਰੇਰੀ ਵਿਭਾਗ

| | | |
|---|---|---|
| 1. | ਰਿਸਟੋਰਰ | ਸ੍ਰੀਮਤੀ ਹਰਵਿੰਦਰ ਕੌਰ |
| 2. | ਲਾਇਬਰੇਰੀ ਅਟੈਂਡੈਂਟ | ਸ੍ਰੀ ਰਤਨ ਚੰਦ |

## ਦਰਜਾ ਚਾਰ ਕਰਮਚਾਰ

| | | | | | |
|---|---|---|---|---|---|
| 1. | ਸ੍ਰੀ ਰਜਿੰਦਰ ਕੁਮਾਰ | ਸੇਵਾਦਾਰ | 9. | ਸ੍ਰੀ ਚੰਦਰ ਸ਼ੇਖਰ | ਸਫਾਈ ਸੇਵਕ |
| 2. | ਸ੍ਰੀ ਬਹਾਦਰ ਸਿੰਘ | ਸੇਵਾਦਾਰ | 10. | ਸ੍ਰੀ ਜਸਵੀਰ ਕੁਮਾਰ | ਸਫਾਈ ਸੇਵਕ |
| 3. | ਸ੍ਰੀ ਸੁਖਦੇਵ ਸਿੰਘ | ਸੇਵਾਦਾਰ | 11 | ਸ੍ਰੀ ਵਿਨੋਦ ਕੁਮਾਰ | ਸਫਾਈ ਸੇਵਕ |
| 4. | ਸ੍ਰੀ ਅਜੈ ਕੁਮਾਰ | ਸੇਵਾਦਾਰ | 12. | ਖਾਲੀ | ਚੌਕੀਦਾਰ |
| 5. | ਸ੍ਰੀ ਜੁਮਿੰਦਰ ਸਿੰਘ | ਸੇਵਾਦਾਰ | 13. | ਸ੍ਰੀ ਦਿਲਵਰ ਅਨੂਪ ਸਿੰਘ | ਚੌਕੀਦਾਰ |
| 6. | ਖਾਲੀ | ਮਾਲੀ | 14. | ਸ੍ਰੀ ਅਸ਼ੋਕ ਕੁਮਾਰ | ਚੌਕੀਦਾਰ |
| 7. | ਖਾਲੀ | ਮਾਲੀ | 15. | ਖਾਲੀ | ਬੇਲਦਾਰ |
| 8. | ਸ੍ਰੀ ਬਖਸ਼ੀਸ਼ ਸਿੰਘ | ਵਾਟਰਮੈਨ | 16. | ਖਾਲੀ | ਸੇਵਾਦਾਰ |

# ਦਾਖਲੇ ਦੇ ਨਿਯਮ ਅਤੇ ਸ਼ਰਤਾਂ

1. ਵੱਖ-ਵੱਖ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ । ਮੈਰਿਟ ਮਾਰਚ/ਅਪ੍ਰੈਲ/ਮਈ 2018 ਦੀ ਪ੍ਰੀਖਿਆ ਵਿਚ ਪ੍ਰਾਪਤ ਅੰਕਾਂ ਦੇ ਅਧਾਰ ਤੇ ਬਣਾਈ ਜਾਵੇਗੀ।
2. ਮੈਰਿਟ ਪਾਸ ਕੀਤੀ ਹੇਠਲੀ ਜਮਾਤ ਵਿੱਚ ਪ੍ਰਾਪਤ ਕੀਤੇ ਗਏ ਅੰਕਾਂ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ । ਦਾਖਲਾ ਉਨ੍ਹਾਂ ਵਿਦਿਅਰਥੀਆਂ ਨੂੰ ਹੀ ਦਿੱਤਾ ਜਾਵੇਗਾ ਜਿਨਾਂ ਨੇ ਹੇਠਲੀ ਸ਼੍ਰੇਣੀ ਦੀ ਪ੍ਰੀਖਿਆ ਮਾਰਚ/ਅਪ੍ਰੈਲ/ਮਈ 2018 ਵਿੱਚ ਪਾਸ ਕੀਤੀ ਹੋਵੇਗੀ ।
3. ਬੀ.ਏ./ਬੀ.ਐਸ.ਸੀ./ਬੀ.ਕਾਮ. ਭਾਗ ਦੂਜਾ ਅਤੇ ਤੀਜਾ ਅਤੇ ਐਮ. ਏ. ਹਿੰਦੀ/ਪੰਜਾਬੀ ਭਾਗ ਦੂਜਾ ਵਿਚ ਬਾਹਰਲੇ ਵਿਦਿਆਰਥੀਆਂ ਨੂੰ ਦਾਖਲਾ ਦੇਣਾ ਸੀਟਾਂ ਖਾਲੀ ਹੋਣ ਦੀ ਸੂਰਤ ਵਿਚ ਹੀ ਵਿਚਾਰਿਆ ਜਾਵੇਗਾ।
4. ਕਾਲਜ ਵਿੱਚ ਪਹਿਲੀ ਵਾਰ ਦਾਖਲਾ ਲੈਣ ਵਾਲੇ ਉਮੀਦਵਾਰ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਪਿਛਲੀ ਸੰਸਥਾ ਤੋਂ ਆਚਰਣ ਸੰਬੰਧੀ ਪ੍ਰਮਾਣ ਪੱਤਰ ਲੈਕੇ ਦਾਖਲਾ ਫਾਰਮ ਨਾਲ ਨੱਥੀ ਕਰੇ ।
5. ਗੈਰ-ਮਾਨਤਾ ਪ੍ਰਾਪਤ ਸੰਸਥਾਵਾਂ ਅਤੇ ਨਿਰੋਲ ਪ੍ਰਾਈਵੇਟ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਜਾਂ ਪੱਤਰ ਵਿਵਹਾਰ ਰਾਹੀਂ ਸਿੱਖਿਆ ਪ੍ਰਾਪਤ ਵਿਦਿਆਰਥੀ ਕਿਸੇ ਗਜ਼ਟਿਡ ਅਧਿਕਾਰੀ ਤੋਂ ਆਚਰਣ ਸੰਬੰਧੀ ਪ੍ਰਮਾਣ-ਪੱਤਰ (ਮੂਲ ਰੂਪ ਵਿੱਚ) ਦਾਖਲਾ ਫਾਰਮ ਨਾਲ ਨੱਥੀ ਕਰੇ । ਲੜਕੀਆਂ ਆਚਰਨ ਸਬੰਧੀ ਸਰਟੀਫੀਕੇਟ ਸਰਪੰਚ ਦੁਆਰਾ ਜਾਰੀ ਕੀਤਾ ਵੀ ਲਗਾ ਸਕਦੀਆਂ ਹਨ।
6. ਕਿਸੇ ਵੀ ਸ਼੍ਰੇਣੀ ਵਿੱਚ ਰਿਜ਼ਰਵ ਸੀਟ ਵਾਸਤੇ ਕਲੇਮ ਕਰਨ ਲਈ ਸਮਰੱਥ ਅਧਿਕਾਰੀ ਦਾ ਤਸਦੀਕ ਕੀਤਾ ਸਰਟੀਫਿਕੇਟ ਦਾਖਲਾ ਫਾਰਮ ਨਾਲ ਨੱਥੀ ਕਰਨਾ ਜ਼ਰੂਰੀ ਹੋਵੇਗਾ । ਫਾਰਮ 'ਚ ਨਿਰਧਾਰਿਤ ਕਾਲਮ ਵਿੱਚ ਰਿਜਰਵ ਸ਼੍ਰੇਣੀ ਨਾ ਲਿਖਣ ਅਤੇ ਫਾਰਮ ਨਾਲ ਅਜਿਹਾ ਸਰਟੀਫਿਕੇਟ ਨੱਥੀ ਨਾ ਹੋਣ ਦੀ ਸੂਰਤ ਵਿੱਚ ਉਮੀਦਵਾਰ ਦਾ ਰਿਜ਼ਰਵ ਸੀਟ ਲਈ ਕਲੇਮ ਨਹੀਂ ਬਣੇਗਾ ਅਤੇ ਬਾਅਦ ਵਿੱਚ ਰਾਖਵੇਂ ਕਰਨ ਦੇ ਦਾਅਵੇ ਲਈ ਕੋਈ ਸਬੂਤ ਨਹੀਂ ਲਿਆ ਜਾਵੇਗਾ । **ਦਾਖਲੇ ਸਮੇਂ ਅਸਲ ਸਰਟੀਫੀਕੇਟ ਪੇਸ਼ ਕਰਨੇ ਜਰੂਰੀ ਹਨ।**
7. ਦਾਖਲਾ ਫਾਰਮ ਵਿਦਿਆਰਥੀ ਖੁਦ ਮੁਕੰਮਲ ਰੂਪ ਵਿੱਚ ਭਰੇ। ਫਾਰਮ ਅਧੂਰਾ ਹੋਣ ਦੀ ਸੂਰਤ ਵਿੱਚ ਦਾਖਲਾ ਫਾਰਮ ਰੱਦ ਕਰ ਦਿੱਤਾ ਜਾਵੇਗਾ ।
8. ਦਾਖਲਾ ਫਾਰਮ ਨਾਲ ਲੋੜੀਂਦੇ ਦਸਤਾਵੇਜ਼ਾਂ ਦੀਆਂ ਤਸ਼ਦੀਕ ਸ਼ੁਦਾ ਕਾਪੀਆਂ ਨੱਥੀ ਹੋਣੀਆਂ ਜ਼ਰੂਰੀ ਹਨ ।
9. ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਤੋਂ ਬਾਅਦ ਫਾਰਮ ਨਾਲ ਕੋਈ ਦਸਤਾਵੇਜ਼ ਲਗਾਉਣ ਜਾਂ ਉਤਾਰਨ ਦੀ ਆਗਿਆ ਨਹੀਂ ਹੋਵੇਗੀ । ਪਰੰਤੂ ਰਿਜ਼ਲਟ ਲੇਟ ਵਾਲੇ ਵਿਦਿਆਰਥੀ ਆਪਣੇ ਨਤੀਜਾ ਕਾਰਡ ਦੀ ਕਾਪੀ ਬਾਅਦ ਵਿੱਚ ਨੱਥੀ ਕਰ ਸਕਦੇ ਹਨ ।
10. ਦਾਖਲਾ ਫਾਰਮ ਵਿੱਚ ਕਿਸੇ ਕਿਸਮ ਦੀ ਗਲਤ ਸੂਚਨਾ ਦੇਣ ਲਈ ਉਮੀਦਵਾਰ ਖੁਦ ਜ਼ਿਮੇਵਾਰ ਹੋਵੇਗਾ ਅਤੇ ਪ੍ਰਿੰਸੀਪਲ ਸਾਹਿਬ ਨੂੰ ਉਸ ਉਮੀਦਵਾਰ ਦਾ ਦਾਖਲਾ ਰੱਦ ਕਰਨ ਦਾ ਅਧਿਕਾਰ ਹੋਵੇਗਾ ।
11. ਵਿਦਿਆਰਥੀਆਂ ਨੂੰ ਕੇਵਲ ਉਹ ਵਿਸ਼ਾ/ਗਰੁਪ ਲੈਣਾ ਹੋਵੇਗਾ ਜੋ ਕਾਲਜ ਪ੍ਰਾਸਪੈਕਟਸ ਵਿੱਚ ਪ੍ਰਵਾਨਿਤ ਹਨ ਜਾਂ ਜਿਨ੍ਹਾਂ ਵਿਸ਼ਿਆਂ ਵਿੱਚ ਸੀਟਾਂ ਖਾਲੀ ਹੋਣਗੀਆਂ ਉਹੋ ਦਿੱਤੇ ਜਾਣਗੇ।
12. ਜੇਕਰ ਪੰਜਾਬ ਯੂਨੀਵਰਸਿਟੀ ਵੱਲੋ ਨਿਸ਼ਚਤ ਮਿਤੀ ਤੱਕ ਕਿਸੇ ਕਲਾਸ ਦਾ ਨਤੀਜਾ ਨਾ ਨਿਕਲੇ ਤਾਂ ਵਿਦਿਆਰਥੀ ਨਤੀਜਾ ਨਿਕਲਣ ਤੋਂ 10 ਕੰਮਾਂ ਵਾਲੇ ਦਿਨਾਂ ਦੇ ਅੰਦਰ-ਅੰਦਰ ਦਾਖਲ ਕੀਤੇ ਜਾਣਗੇ । ਇਹ ਛੋਟ ਬਾਹਰਲੀ ਯੁਨੀਵਰਸਿਟੀ/ਬੋਰਡ ਦੇ ਵਿਦਿਆਰਥੀਆਂ ਲਈ ਨਹੀਂ ਹੋਵੇਗੀ ।
13. ਦਾਖਲਾ ਮਿਲ ਜਾਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਬਣਦੀ ਫੀਸ/ਫੰਡ 24 ਘੰਟਿਆਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੇ ਹੋਣਗੇ । ਅਜਿਹਾ ਨਾ ਹੋਣ ਤੇ ਉਸਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸਦੀ ਥਾਂ ਮੈਰਿਟ ਵਿੱਚ ਅਗਲੇ ਉਮੀਦਵਾਰ ਨੂੰ ਦਾਖਲ ਕਰ ਲਿਆ ਜਾਵੇਗਾ ।
14. ਬੀ,ਕਾਮ ਭਾਗ ਪਹਿਲਾ ਵਿੱਚ ਦਾਖਲਾ ਪੰਜਾਬ ਯੁਨੀਵਰਸਿਟੀ,ਚੰਡੀਗੜ੍ਹ ਦੁਆਰਾ ਨਿਰਧਾਰਿਤ ਸ਼ਰਤਾਂ ਅਨੁਸਾਰ ਕੀਤਾ ਜਾਵੇਗਾ ।
15. ਕਿਸੇ ਵੀ ਵਿਸ਼ੇ ਵਿੱਚ 10 ਤੋਂ ਘੱਟ ਵਿਦਿਆਰਥੀ ਹੋਣ ਦੀ ਸੂਰਤ ਵਿਚ ਵਿਸ਼ਾ ਸ਼ੁਰੂ ਨਹੀਂ ਕੀਤਾ ਜਾਵੇਗਾ।

## ਦਾਖ਼ਲੇ ਲਈ ਯੋਗਤਾਂ

1. ਬੀ.ਏ. ਭਾਗ ਪਹਿਲਾ :- ਉਮੀਦਵਾਰ ਨੇ +2 ਪਾਸ ਕੀਤੀ ਹੋਵੇ।
2. ਬੀ.ਐਸ.ਸੀ. ਭਾਗ ਪਹਿਲਾ :- ਉਮੀਦਵਾਰ ਨੇ 10+2 ਸਾਇੰਸ ਵਿਸ਼ਿਆਂ ਵਿਚ 40% ਅੰਕਾ ਨਾਲ ਪਾਸ ਕੀਤੀ ਹੋਵੇ।
3. ਐਮ.ਏ ਭਾਗ ਪਹਿਲਾ :- 10+2+3 ਸਕੀਮ ਸਬੰਧਤ ਵਿਸ਼ੇ ਵਿਚ ਘੱਟੋ-ਘੱਟ 45% ਜਾਂ ਕੁਲ ਜੋੜ ਵਿਚ 50% ਅੰਕ ਲਏ ਹੋਣ।
4. ਜੇ ਕਿਸੇ ਉਮੀਦਵਾਰ ਨੇ ਪੁਰਾਣੀ ਸਕੀਮ (14 ਸਾਲਾ ਕੋਰਸ) ਅਧੀਨ ਅਪ੍ਰੈਲ 1995 ਤੱਕ ਪਹਿਲਾਂ ਡਿਗਰੀ ਕੋਰਸ ਪਾਸ ਕੀਤਾ ਹੋਵੇਗਾ, ਨੂੰ ਦਾਖਲਾ ਮੰਤਵ ਲਈ 10+2+3 ਦੇ ਬਰਾਬਰ ਗਿਣਿਆ ਜਾਵੇਗਾ।

☞ **ਨੋਟ:- (1) ਬੀ.ਏ / ਬੀ.ਐਸ.ਸੀ. / ਬੀ.ਕਾਮ ਅਤੇ ਐਮ.ਏ. ਕਲਾਸਾ ਵਿਚ ਗੈਪ, ਫੇਲ ਅਤੇ ਡੀਟੇਂਡ ਕੇਸ ਦਾਖਲ ਨਹੀਂ ਕੀਤੇ ਜਾਣਗੇ।**

## ਬੀ.ਏ. (ਭਾਗ ਪਹਿਲਾ)

**ਕੁੱਲ ਸੀਟਾਂ-400**

### ਲਾਜ਼ਮੀ ਵਿਸ਼ਾ

1. ਪੰਜਾਬੀ (ਲਾਜ਼ਮੀ)
   (ਜਿਹੜੇ ਵਿਦਿਆਰਥੀ ਪੰਜਾਬ ਤੋਂ ਬਾਹਰੋਂ ਹਨ ਜਾਂ ਜਿੰਨ੍ਹਾ ਨੇ ਮੈਟ੍ਰਿਕ ਵਿੱਚ ਪੰਜਾਬੀ ਵਿਸ਼ਾ ਨਹੀਂ ਪੜ੍ਹਿਆ ਹੈ। ਉਨ੍ਹਾਂ ਲਈ ਹਿਸਟਰੀ ਐਂਡ ਕਲਚਰ ਆਫ ਪੰਜਾਬ)
2. ਅੰਗਰੇਜ਼ੀ (ਲਾਜ਼ਮੀ)
3. ਵਾਤਾਵਰਨ (Environmental Education) ਸਿੱਖਿਆ (ਲਾਜ਼ਮੀ)

### ਚੋਣਵੇਂ ਵਿਸ਼ੇ

☞ **ਨੋਟ:** - ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀ ਹੇਠ ਲਿਖੇ ਵਿਸ਼ਿਆਂ ਵਿੱਚੋ ਕੋਈ ਤਿੰਨ ਵਿਸ਼ੇ ਲਵੇਗਾ।

1. ਪੰਜਾਬੀ/ਹਿੰਦੀ/ਸੰਸਕ੍ਰਿਤ
2. ਅਰਥ ਸ਼ਾਸਤਰ/ਸਰੀਰਕ ਸਿੱਖਿਆ
3. ਗਣਿਤ/ਇਤਿਹਾਸ
4. ਰਾਜਨੀਤੀ ਸ਼ਾਸਤਰ/ਗਣਿਤ
5. ਗਣਿਤ
6. ਗਣਿਤ/ਸਰੀਰਕ ਸਿੱਖਿਆ
7. ਕੰਪਿਊਟਰ ਸਾਇੰਸ
8. ਸੰਸਕ੍ਰਿਤ/ਸਰੀਰਕ ਸਿੱਖਿਆ

☞ **ਨੋਟ** :-1.ਬੀ.ਏ. ਭਾਗ-I ਵਿੱਚ ਕਿਸੇ ਵੀ ਵਿਸ਼ੇ ਵਿੱਚ ਸੰਖਿਆ ਵਧਣ ਨਾਲ ਵਿਦਿਆਰਥੀਆਂ ਨੂੰ ਉਹ ਵਿਸ਼ਾ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਹੈ। ਹਰ ਸੂਰਤ ਵਿੱਚ ਵਿਦਿਆਰਥੀਆਂ ਨੂੰ ਕੇਵਲ ਉਹੋ ਵਿਸ਼ਾ/ਗਰੁਪ ਲੈਣੇ ਹੋਣਗੇ ਜੋ ਕਾਲਜ ਪ੍ਰਾਸਪੈਕਟਸ ਵਿੱਚ ਪ੍ਰਵਾਨਿਤ ਹਨ ਜਾਂ ਦਾਖ਼ਲਾ ਕਮੇਟੀ ਵੱਲੋਂ ਦਿੱਤੇ ਜਾਣਗੇ।

2. ਬੀ.ਏ. ਭਾਗ ਦੂਜਾ ਅਤੇ ਤੀਜਾ ਵਿੱਚ ਉਹੀ ਵਿਸ਼ੇ ਰਹਿਣਗੇ ਜਿਹੜੇ ਬੀ.ਏ. ਭਾਗ ਪਹਿਲਾ ਵਿੱਚ ਪੜ੍ਹੇ ਹੋਣਗੇ।ਵਾਤਾਵਰਣ ਸਿਖਿਆ ਦਾ ਵਿਸ਼ਾ ਸਿਰਫ ਬੀ.ਏ.-1 ਵਿਚ ਹੀ ਪੜ੍ਹਾਇਆ ਜਾਵੇਗਾ।

☞ **ਨੋਟ** :- ਸਰੀਰਕ ਸਿੱਖਿਆ ਵਿਸ਼ੇ ਵਿਚ ਕੁੱਲ 80 ਸੀਟਾਂ ਹਨ।

☞ **ਨੋਟ :- ਬੀ.ਏ. ਭਾਗ ਪਹਿਲਾ ਵਿਚ ਕੰਪਿਊਟਰ ਸਾਇੰਸ ਵਿਸ਼ਾ ਉਹੀ ਵਿਦਿਆਰਥੀ ਲੈ ਸਕਦਾ ਹੈ ਜਿਸ ਨੇ 10+2 ਵਿਚ ਇਕਨਾਮਿਕਸ ਜਾਂ ਮੈਥ ਜਾ ਕਾਮਰਸ ਜਾਂ ਸਾਇੰਸ ਵਿਸ਼ਾ ਪਾਸ ਕੀਤਾ ਹੋਵੇ।**

## ਬੀ . ਐਸ . ਸੀ . (ਭਾਗ ਪਹਿਲਾ)

ਕੁੱਲ ਸੀਟਾਂ-80 (ਨਾਨ ਮੈਡੀਕਲ)
80 (ਮੈਡੀਕਲ)

**ਮੈਡੀਕਲ**

1. ਰਸਾਇਣ ਵਿਗਿਆਨ (ਕੈਮਿਸਟਰੀ)
2. ਪ੍ਰਾਣੀ ਵਿਗਿਆਨ (ਜੁਔਲੋਜੀ)
3. ਬਨਸਪਤੀ ਵਿਗਿਆਨ (ਬੋਟਨੀ)
4. ਪੰਜਾਬੀ(ਲਾਜ਼ਮੀ)/ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ
5. ਵਾਤਾਵਰਨ ਸਿੱਖਿਆ (ਲਾਜ਼ਮੀ)

**ਨਾਨ-ਮੈਡੀਕਲ**

1. ਰਸਾਇਣ ਵਿਗਿਆਨ/ਕੰਪਿਊਟਰ ਸਾਇੰਸ
2. ਭੌਤਿਕ ਵਿਗਿਆਨ (ਫਿਜ਼ਿਕਸ)
3. ਗਣਿਤ (ਮੈਥੇ-ਮੈਟਿਕਸ)
4. ਪੰਜਾਬੀ ਲਾਜ਼ਮੀ/ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ
5. ਵਾਤਾਵਰਨ ਸਿੱਖਿਆ (ਲਾਜ਼ਮੀ) (ਇਨਵਾਇਰਨਮੈਂਟਲ ਐਜੂਕੇਸ਼ਨ)

☞ ਨੋਟ:—(1) **ਬੀ. ਐਸ. ਸੀ. ਭਾਗ ਪਹਿਲੇ ਵਿੱਚ ਦਾਖਲਾ ਲੈਣ ਦੀ ਘੱਟੋ ਘੱਟ ਯੋਗਤਾ 10+2 ਪ੍ਰੀਖਿਆ ਵਿਚੋ 40% ਅੰਕ ਹਨ**

## ਬੀ .ਐਸ .ਸੀ . (ਭਾਗ ਦੂਜਾ)

**ਚੋਣਵੇਂ ਵਿਸ਼ੇ**

ਚੋਣਵੇਂ ਵਿਸ਼ੇ ਬੀ. ਐਸ. ਸੀ. ਭਾਗ ਪਹਿਲਾ ਵਾਲੇ ਹੀ ਹੋਣਗੇ ਇਸ ਤੋਂ ਇਲਾਵਾ ਅੰਗਰੇਜ਼ੀ ਲਾਜ਼ਮੀ ਦਾ ਵਿਸ਼ਾ ਜ਼ਰੂਰੀ ਹੋਵੇਗਾ

## ਬੀ .ਐਸ .ਸੀ . (ਭਾਗ ਤੀਜਾ)

**ਚੋਣਵੇਂ ਵਿਸ਼ੇ** - ਚੋਣਵੇਂ ਵਿਸ਼ੇ ਬੀ. ਐਸ. ਸੀ. ਭਾਗ ਦੂਜਾ ਵਾਲੇ ਹੀ ਹੋਣਗੇ।

## ਬੀ .ਕਾਮ .

ਕੁੱਲ ਸੀਟਾਂ 70

**ਸਮੈਸਟਰ ਪਹਿਲਾ, ਦੂਜਾ, ਤੀਜਾ ਚੌਥਾ, ਪੰਜਵਾਂ ਅਤੇ ਛੇਵਾਂ ਦੇ ਵਿਸ਼ਿਆਂ ਬਾਰੇ ਪੰਜਾਬ ਯੂਨੀਵਰਸਿਟੀ ਦਾ ਸਿਲੇਬਸ ਵੇਖੋ।**

☞ ਨੋਟ:-(1) **ਵਾਤਾਵਰਨ ਵਿਸ਼ਾ ਕੇਵਲ ਬੀ.ਏ. / ਬੀ. ਐਸ. ਸੀ / ਬੀ. ਕਾਮ. ਭਾਗ ਪਹਿਲਾ ਵਿੱਚ ਹੀ ਪੜ੍ਹਾਇਆ ਜਾਵੇਗਾ ਪਰ ਇਸਦਾ ਇਮਤਿਹਾਨ ਵਿਦਿਆਰਥੀ ਡਿਗਰੀ ਕੋਰਸ ਦਰਮਿਆਨ ਕਿਸੇ ਸਾਲ ਵੀ ਦੇ ਸਕਦਾ ਹੈ। ਇਹ ਵਿਸ਼ਾ ਪਾਸ ਕਰਨ ਦੀ ਸੂਰਤ ਵਿੱਚ ਹੀ ਉਸ ਨੂੰ ਡਿਗਰੀ ਮਿਲ ਸਕੇਗੀ।**

## ਐਮ.ਏ. ਪੰਜਾਬੀ (ਸਮੈਸਟਰ ਪਹਿਲਾ)

**ਕੁੱਲ ਸੀਟਾਂ 60**

MPS : ਮਧਕਾਲੀ ਪੰਜਾਬੀ ਸਾਹਿਤ ਦਾ ਇਤਿਹਾਸ
SSP : ਸਾਹਿਤ ਸਿਧਾਂਤ, ਸਨਾਤਨੀ ਕਾਵਿ ਸ਼ਾਸਤ੍ਰ ਅਤੇ ਪੰਜਾਬੀ ਅਲੋਚਨਾ
MPK : ਮਧਕਾਲੀ ਪੰਜਾਬੀ ਕਾਵਿ-I
PKN : ਪੰਜਾਬੀ ਕਹਾਣੀ

## ਐਮ.ਏ. ਪੰਜਾਬੀ (ਸਮੈਸਟਰ ਤੀਜਾ)

BVP : ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ
SLS : ਸਭਿਆਚਾਰ, ਲੋਕਧਾਰਾ ਅਤੇ ਪੰਜਾਬੀ ਸਭਿਆਚਾਰ
APK : ਆਧੁਨਿਕ ਪੰਜਾਬੀ ਕਵਿਤਾ-I
PNR : ਪੰਜਾਬੀ ਨਾਟਕ ਅਤੇ ਰੰਗਮੰਚ ਦਾ ਅਧਿਐਨ

## ਐਮ.ਏ. ਹਿੰਦੀ (ਸਮੈਸਟਰ-1)

**ਕੁੱਲ ਸੀਟਾਂ-60**

**प्रथम पत्र**—हिन्दी साहित्य का इतिहास (HSI)
**द्वितीय पत्र**—आधुनिक हिन्दी कविता (MHK)
**तृतीय पत्र**—आधुनिक गद्य साहित्य (AGS)
**चतुर्थ पत्र**—समीक्षा के सिद्धान्त (NBN)

## ਐਮ.ਏ. ਹਿੰਦੀ (ਸਮੈਸਟਰ-3)

**प्रथम पत्र**—भाषा विज्ञान (BHV)
**द्वितीय पत्र**—मध्यकालीन हिन्दी कविता
**तृतीय पत्र**—विशेष अध्ययन विकल्प
**चतुर्थ पत्र**—नव्यतर विधाएं एवं निबन्ध लेखन

**ਨੋਟ :-** (1) ਪੋਸਟ ਗ੍ਰੈਜੂਏਟ ਕਲਾਸਾਂ ਵਿੱਚ ਸਮੈਸਟਰ ਸਿਸਟਮ ਦਾ ਸ਼ਡਿਊਲ ਲਾਗੂ ਹੋਵੇਗਾ। ਜਿਸ ਦਾ ਤਰੀਕ ਵਾਰ ਵੇਰਵਾ ਅੱਗੇ ਛਾਪਿਆ ਗਿਆ ਹੈ। ਸਮੈਸਟਰ ਸਿਸਟਮ ਦੇ ਚਾਲੂ ਰਹਿਣ ਜਾਂ ਨਾ ਰਹਿਣ ਵਾਰੇ ਸੂਚਨਾ ਯੂਨੀਵਰਸਿਟੀ ਦੀਆਂ ਹਦਾਇਤਾਂ ਮੁਤਾਬਕ ਦਿੱਤੀ ਜਾਵੇਗੀ।

(2) ਦੂਜੀਆਂ ਯੂਨੀਵਰਸਿਟੀਆਂ ਤੋਂ ਮਾਈਗਰੇਸ਼ਨ ਕਰਵਾ ਕੇ ਆਏ ਵਿਦਿਆਰਥੀ ਦਾਖਲੇ ਸਮੇਂ ਮਾਈਗਰੇਸ਼ਨ ਦੇ ਅਸਲ ਸਰਟੀਫਿਕੇਟ ਨਾਲ ਜਮ੍ਹਾਂ ਕਰਵਾਉਣਗੇ ਅਤੇ ਪਿਛਲੀ ਕਲਾਸ ਦੇ ਅਸਲ ਸਰਟੀਫਿਕੇਟ ਵੀ ਜਮ੍ਹਾਂ ਕਰਵਾਉਣਗੇ।

### ਬੀ. ਕਾਮ. (ਭਾਗ ਪਹਿਲਾ) ਲਈ +2 ਦੀ ਅੰਗਰੇਜ਼ੀ

ਜਿਹੜਾ ਉਮੀਦਵਾਰ ਬੀ.ਕਾਮ. ਭਾਗ ਪਹਿਲਾ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ, ਉਸ ਲਈ +2 ਇਮਿਤਿਹਾਨ ਦਾ ਅੰਗਰੇਜ਼ੀ ਵਿਸ਼ਾ ਪਾਸ ਹੋਣਾ ਜ਼ਰੂਰੀ ਹੈ। ਅਜਿਹੇ ਕੇਸ, ਜਿਥੇ ਭਾਰਤ ਵਿਚਲੇ ਕਿਸੇ ਬੋਰਡ/ਕੌਂਸਲ/ਬਾਡੀ/ਯੂਨੀਵਰਸਿਟੀ ਵਲੋਂ ਨਿਯਮਾਂ ਅਨੁਸਾਰ +2 ਕਰਨ ਲਈ ਅੰਗਰੇਜ਼ੀ ਪਾਸ ਹੋਣਾ ਲੋੜੀਂਦਾ ਨਹੀਂ ਹੈ ਦੇ ਉਮੀਦਵਾਰ ਨੂੰ ਪ੍ਰੋਵਿਜ਼ਨਲ-ਦਾਖਲ ਕੀਤਾ ਜਾਵੇਗਾ ਅਤੇ ਅੰਗਰੇਜ਼ੀ ਨੂੰ ਇਕ ਘਾਟ ਵਾਲੇ ਵਿਸ਼ੇ ਵਜੋਂ ਦਾਖਲੇ ਉਪਰੰਤ ਦੋ ਲਗਾਤਾਰ ਇਮਿਤਿਹਾਨ ਦੇ ਦੌਰਾਨ ਪਾਸ ਕਰਨਾ ਪਵੇਗਾ।

### ਬੀ.ਏ./ਬੀ.ਐਸ.ਸੀ/ਬੀ.ਕਾਮ ਭਾਗ ਪਹਿਲਾ ਦੇ ਦਾਖਲੇ ਲਈ +2 ਇਮਿਤਿਹਾਨ ਦੇ ਕੰਪਾਰਮੈਂਟ ਵਾਲੇ ਉਮੀਦਵਾਰ

ਕਿਸੇ ਬੋਰਡ/ਬਾਡੀ/ ਕੌਂਸਲ/ਯੂਨੀਵਰਸਿਟੀ ਵਲੋਂ ਆਯੋਜਤ +2 ਇਮਤਿਹਾਨ ਦੇ ਕਿਸੇ ਇਕ ਵਿਸ਼ੇ ਵਿਚੋਂ ਕੰਪਾਰਮੈਂਟ ਹੋਵੇਗੀ, ਉਹ ਦਾਖਲੇ ਲਈ ਯੋਗ ਹੋਣਗੇ ਬਸ਼ਰਤੇ-

1. ਬੀ.ਏ. ਭਾਗ ਪਹਿਲਾਂ ਵਿੱਚ ਦਾਖਲਾ ਲੈਣ ਲਈ ਉਮੀਦਵਾਰ ਨੇ +2 ਦੇ ਇਮਤਿਹਾਨ ਵਿੱਚੋਂ ਕੰਪਾਰਮੈਂਟ ਦੇ ਵਿਸ਼ੇ ਵਿੱਚ ਘੱਟੋ-ਘੱਟ 20% (ਥਿਊਰੀ ਅਤੇ ਪ੍ਰੈਕਟੀਕਲ ਮਿਲਾਕੇ) ਅਤੇ ਸਾਰੇ ਵਿਸ਼ਿਆਂ (ਥਿਊਰੀ ਅਤੇ ਪ੍ਰੈਕਟੀਕਲ ਦੋਵਾਂ) ਵਿੱਚੋਂ ਘੱਟੋ ਘੱਟ 33% ਅੰਕ ਪ੍ਰਾਪਤ ਕੀਤੇ ਹੋਣ।

## Annexure 'B'

## PANJAB UNIVERSITY, CHANDIGARH

### Academic Calendar (tentative) for the session 2018-19 for the Panjab University affiliated Colleges with under Graduate & Post Graduate courses having Semester system of Examination:-

| | | | | |
|---|---|---|---|---|
| ***Summer Vacation*** | *02-06-2018* *Saturday* | *To* | *08-07-2018* *Sunday* | *(37 days)* |
| *Colleges Open on and normal Admission for ongoing classes.* | *09-07-2018* *Monday* | | | |
| ***Admission Schedule*** | | | | |
| *Normal Admission for ongoing and new classes except for those* classes in which admission is through PU-CET (U.G & P.G) | *09-07-18* *Monday* | *To* | *24-07-2018* Tuesday | *(16 days)* |
| Late Admission to be allowed by the Principal of the College with late fee of Rs. **560/-*** per student. | 25-07-2018 Wednesday | To | 13-08-18 Monday | (20 days) |
| **Commencement of teaching** | | | | |
| For ongoing classes | 24-07-18 Tuesday | | | |
| Late admission in Panjab University, affiliated Colleges to be allowed by the Vice-Chancellor with late fee of Rs. **2040/-*** per student. | 14-08-18 Tuesday | To | 13-08-18 Friday | (18 days) |

**<u>* Or any Revision of Late admission Fees by the Syndicate/Senate</u>**

***Academic Term-I***

| | | | |
|---|---|---|---|
| Odd Semesters | 24-07-18 To | 03-12-18 | (101 Teaching days) |
| | Tuesday | Monday | |

**Total Teaching days of Academic Term I = 101 days**

| | | | |
|---|---|---|---|
| End Semester Examinations | 04-12-18 To | 24-12-18 | (17 days ) |
| | Tuesday | Monday | |
| Semester vacation (Winter Break) | 25-12-18 To | 13-01-19 | (20 days) |
| | Tuesday | Sunday | |

***Academic Term-II***

**Even Semesters**

| | | | |
|---|---|---|---|
| College reopens after Semester Examination | 14-1-19 To | 03-05-19 | (88 Teaching days) |
| | Monday | Friday | |

**Total Teaching days of Academic Term II = 88 days**

| | | | |
|---|---|---|---|
| End Semester Examinations | 04-5-19 To | 30-5-19 | (21 days) |
| | Saturday | Thursday | |
| Summer Vacation (tentative) | 31-05-19 To | 07-07-19 | (38 days) |
| | Friday | Sunday | |

**Total Teaching days of academic term I & II = 101 + 88 = 189 days**